ਵਲੋਂ,

ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।

ਵੱਲ

ਰਾਜ ਅਧੀਨ ਸਾਰੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੇ ਮੁੱਖੀ।
(ਜਿੰਨਾਂ ਵਲੋਂ ਨਿਊ ਵੋਕੇਸ਼ਨਲ ਵੈਲਫੇਅਰ ਟ੍ਰੇਨਿੰਗ ਸਕੀਮ ਅਧੀਨ ਦਾਖਲਾ ਕੀਤਾ ਜਾ ਰਿਹਾ ਹੈ)

ਵਿਸ਼ਾ:- ਸੈਸ਼ਨ 2022 ਲਈ ਨਿਊ ਵੋਕੇਸ਼ਨਲ ਵੈਲਫੇਅਰ ਟ੍ਰੇਨਿੰਗ ਸਕੀਮ ਤਹਿਤਾ ਦਾਖਲੇ ਲਈ ਦਿਸ਼ਾ-ਨਿਰਦੇਸ਼।

ਉਪਰੋਕਤ ਵਿਸ਼ੇ ਅਧੀਨ ਸਕੀਮ ਤਹਿਤ ਸੈਸ਼ਨ 2022 ਦੋਰਾਨ ਜਿੰਨਾਂ ਟਰੇਡਾਂ ਵਿੱਚ ਦਾਖਲਾ ਕਰਵਾਇਆ ਜਾਣਾ ਹੈ, ਬਾਰੇ ਪਿਛਲੇ ਸੈਸ਼ਨ ਦੀ ਤਰਾਂ ਇਨ੍ਹਾਂ ਸਬੰਧਤ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਲਈ ਗਾਈਡ ਲਾਈਨਜ਼/ -:ਹਦਾਇਤਾਂ ਹੇਠ ਅਨੁਸਾਰ ਹਨ

| | |
|---|---|
| 1. | ਕੋਵਿਡ-19 ਕਾਰਨ ਰਾਜ ਸਰਕਾਰ ਅਤੇ ਭਾਰਤ ਸਰਕਾਰ ਦੀਆਂ ਗਾਈਡ ਲਾਈਨਜ਼ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ। ਕੋਵਿਡ-19 ਕਾਰਨ ਮਾਸਕ ਪਾਉਣਾ, ਸੈਨੇਟਾਈਜ਼ ਨਾਲ ਹੱਥ ਸਾਫ, ਸੋਸ਼ੀਅਲ ਡਿਸਟੈਂਸਿੰਗ ਆਦਿ ਅਤੇ ਹੋਰ ਹਦਾਇਤਾਂ ਦਾ ਖਾਸ ਧਿਆਨ ਰੱਖਿਆ ਜਾਵੇ। |
| 2. | ਨਿਊ ਵੋਕੇਸ਼ਨਲ ਵੈਲਫੇਅਰ ਟ੍ਰੇਨਿੰਗ ਸਕੀਮ ਤਹਿਤ ਦਾਖਲੇ ਲਈ ਅਰਜੀਆਂ ਪ੍ਰਾਪਤ ਕਰਨ ਸਮੇਂ, ਉਮੀਦਵਾਰਾਂ ਦੀ ਹਾਜਰੀ ਲਗਾਈ ਜਾਵੇ ਅਤੇ www.itipunjab.nic.in ਤੇ ਰਜਿਸ਼ਟਰੇਸ਼ਨ ਕੀਤੀ ਜਾਵੇ। ਆਖਰੀ ਮਿਤੀ 13-09-2022 ਨੂੰ ਸ਼ਾਮ 05.00 ਵਜੇ ਤੱਕ ਅਰਜੀਆਂ ਪ੍ਰਾਪਤ ਕੀਤੀਆਂ ਜਾਣ। ਮਿਤੀ 13-09-2022 ਨੂੰ ਦੇਰ ਰਾਤ ਤੱਕ ਰਜਿਸ਼ਟਰੇਸ਼ਨਾਂ ਲਈ ਪੋਰਟਲ ਵਰਕਿੰਗ ਰਹੇਗਾ, ਇਸ ਮਿਤੀ ਤੱਕ (ਐਨ.ਸੀ.ਵੀ.ਟੀ. ਅਤੇ ਐਸ.ਸੀ.ਵੀ.ਟੀ. ਹਰ ਟਰੇਡ ਦੇ ਦਾਖਲੇ ਲਈ) ਰਜਿਸ਼ਟਰੇਸ਼ਨਾਂ ਦਾ ਕੰਮ ਮੁਕੰਮਲ ਕਰ ਲਿਆ ਜਾਵੇ। ਭਾਵਕਿ ਨਿਰਧਾਰਤ ਸਮੇਂ ਤੱਕ ਜਿੰਨੀਆਂ ਅਰਜੀਆਂ ਪ੍ਰਾਪਤ ਹੋਣਗੀਆਂ, ਉਨਾਂ ਉਮੀਦਵਾਰਾਂ ਦੀ ਸਬੰਧਤ ਸੰਸਥਾਵਾਂ ਵਲੋਂ ਮਿਤੀ 13-09-2022 ਤੱਕ ਵੈਬਸਾਈਟ ਉਪਰ ਕੇਵਲ ਰਜਿਸ਼ਟਰੇਸ਼ਨ ਕਰਵਾਈ ਜਾਣੀ ਲਾਜਮੀ ਹੈ। ਕੇਵਲ ਰਜਿਸ਼ਟਰਡ ਉਮੀਦਵਾਰਾਂ ਨੂੰ ਹੀ ਮੈਰਿਟ ਸੂਚੀਆਂ ਅਤੇ ਦਾਖਲੇ ਲਈ ਵਿਚਾਰਿਆ ਜਾਵੇ। ਇਹਨਾਂ ਉਮੀਦਵਾਰਾਂ ਦੀ ਆਨ ਲਾਈਨ ਦਾਖਲਾ ਪੋਰਟਲ ਉਪਰ ਕੇਵਲ ਰਜਿਸ਼ਟਰੇਸ਼ਨ ਤੋਂ ਇਲਾਵਾ ਹਾਲ ਦੀ ਘੜੀ ਹੋਰ ਕੋਈ ਕਾਰਵਾਈ ਨਹੀਂ ਕੀਤੀ ਜਾਣੀ ਹੈ। ਇਸ ਪੋਰਟਲ ਉਪਰ ਹੋਰ ਕਾਰਵਾਈ ਲਈ ਬਾਦ ਵਿਚ ਵਖਰੇ ਤੌਰ ਤੇ ਸੂਚਿਤ ਕਰ ਦਿੱਤਾ ਜਾਵੇਗਾ। |
| 3. | ਮਿਤੀ 14-09-2022 ਨੂੰ ਦੁਪਿਹਰ 01-00 ਵਜੇ ਤੱਕ ਮੈਰਿਟ ਤਿਆਰ ਕਰਕੇ ਨੋਟਿਸ ਬੋਰਡ ਤੇ ਲਗਾਈ ਜਾਵੇ। ਦੁਪਿਹਰ 02-00 ਵਜੇ ਤੋਂ ਮੈਰਿਟ ਦੇ ਆਧਾਰ ਤੇ ਦਾਖਲਾ ਕੀਤਾ ਜਾਵੇ। |
| 4. | ਉਮੀਦਵਾਰ ਪ੍ਰਾਸਪੈਕਟ ਵਿਚ ਦਰਜ, ਉਸ ਟਰੇਡ ਲਈ ਘੱਟੋ-ਘੱਟ ਲੋੜੀਂਦੀ ਦਾਖਲਾ ਯੋਗਤਾ, ਲਾਜ਼ਮੀ ਵਿਸ਼ਿਆਂ ਸਮੇਤ (ਮੈਥ ਜਾਂ ਸਾਇੰਸ ਆਦਿ), ਪੂਰੀ ਕਰਦਾ ਹੋਵੇ। ਟਰੇਡ ਦੀ ਦਾਖਲਾ ਯੋਗਤਾ ਦੇ ਸਨਮੁੱਖ, ਲਾਜ਼ਮੀ ਵਿਸ਼ਿਆਂ ਦੇ ਪਾਸ ਸਟੇਟਸ ਨੂੰ ਵਿਸ਼ੇਸ਼ ਤੌਰ ਤੇ ਚੈਕ ਕੀਤਾ ਜਾਵੇ। |
| 5. | ਦਾਖਲਾ ਚੋਣ ਕਮੇਟੀ ਦੀ ਬਣਤਰ ਹੇਠ ਅਨੁਸਾਰ ਹੈ:-<br>1. ਸਬੰਧਤ ਸੰਸਥਾ ਦਾ ਪ੍ਰਿੰਸੀਪਲ<br>2. ਜਿਲ੍ਹਾ ਭਲਾਈ ਅਫਸਰ ਜਾਂ ਨੁਮਾਇੰਦਾ |

| | |
|---|---|
| | 3. ਚੇਅਰਮੈਨ/ ਮੈਬਰ ਆਈ.ਐਮ.ਸੀ<br>4. ਸੀਨੀਅਰ ਮੋਸਟ ਜੀ.ਆਈ ਜਾਂ ਸੀਨੀਅਰ ਮੋਸਟ ਇੰਸਟਰਕਟਰ<br>5. ਦਫਤਰ ਸੁਪਰਡੰਟ ਜਾਂ ਸੀਨੀਅਰ ਮੋਸਟ ਸੀਨੀਅਰ ਸਹਾਇਕ/ ਜੂ.ਸ. |
| 6. | ਸਾਰੀਆਂ ਸਬੰਧਤ ਸੰਸਥਾਵਾਂ ਵਲੋਂ ਵਿਭਾਗੀ ਸੇਵਾ ਨਿਯਮਾਂ ਅਤੇ ਡੀ.ਜੀ.ਈ ਤੇ ਟੀ ਦੀਆਂ ਨਵੀਆਂ ਯੋਗਤਾਵਾਂ ਅਨੁਸਾਰ ਯੋਗ ਇੰਸਟਕਟਰ ਹੀ ਰੱਖੇ ਜਾਣ। |
| 7. | ਐਨ.ਸੀ.ਵੀ.ਟੀ ਟਰੇਡਾਂ ਦਾ ਦਾਖਲਾ ਪਹਿਲ ਦੇ ਆਧਾਰ ਤੇ ਕੀਤਾ ਜਾਵੇ । |
| 8. | ਐਨ.ਸੀ.ਵੀ.ਟੀ ਟਰੇਡਾਂ ਸਬੰਧੀ ਵੇਰਵਾ ਅਤੇ ਖਾਲੀ ਯੂਨਿਟਾਂ ਦੀਆਂ ਸੀਟਾਂ ਸਬੰਧੀ, ਐਨ.ਸੀ.ਵੀ.ਟੀ. ਐਮ.ਆਈ.ਐਸ, ਪੋਰਟਲ ਤੇ ਪੁਸ਼ਟੀ ਕਰ ਲਈ ਜਾਵੇ। ਉਪਰੰਤ ਹੀ ਸੰਸਥਾ ਦੇ ਨੋਟਿਸ ਬੋਰਡ ਤੇ ਵੇਰਵਾ ਡਿਸਪਲੇਅ ਕਰਵਾਇਆ ਜਾਵੇ। ਹਵਾਲਾ ਅਧੀਨ ਸਕੀਮ ਤਹਿਤ ਦਾਖਲੇ ਲਈ ਟਰੇਡਾਂ ਦੀ SCVT/ NCVT ਮਾਨਤਾ ਅਨੁਸਾਰ ਮੁਕੰਮਲ ਨਾਰਮਜ਼, ਇੰਨਫਰਾਸਟਰਕਚਰ ਆਦਿ ਦੀ ਜਿੰਮੇਵਾਰੀ ਸੰਸਥਾ ਮੁੱਖੀ ਦੀ ਹੋਵੇਗੀ। |
| 9. | ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਦੀਆਂ S.C.V.T. ਟਰੇਡਾਂ ਦਾ ਸੀਟ ਮੈਟ੍ਰਿਕਸ ਇਸ ਸ਼ਰਤ ਤੇ ਅਪਲੋਡ ਕੀਤਾ ਜਾ ਰਿਹਾ ਹੈ ਕਿ S.C.V.T. ਟਰੇਡਾਂ ਦੇ ਦਾਖਲ ਸਿਖਿਆਰਥੀਆਂ ਨੂੰ ਟ੍ਰੇਨਿੰਗ ਮੁਕੰਮਲ ਹੋਣ ਤੱਕ ਸੰਸਥਾ ਪਾਸ ਐਫੀਲੇਸ਼ਨ ਦੇ ਨਾਰਮਜ਼ ਅਨੁਸਾਰ ਲੋੜੀਂਦਾ ਇੰਫਰਾਸਟਰਕਚਰ, ਟੂਲ ਤੇ ਇਕੂਪਮੈਂਟ, ਸਪੇਸ, ਪਾਵਰਲੋਡ ਤੇ ਇੰਸਟਰਕਟਰ ਉਪਲਬੱਧ ਹੋਵੇ ਤਾਂ ਜੋ ਕਿਸੇ ਕਾਰਨ ਵੀ ਦਾਖਲ ਸਿਖਿਆਰਥੀਆਂ ਦੀ ਲੋੜੀਂਦੀ ਟ੍ਰੇਨਿੰਗ ਦਾ ਹਰਜਾ ਨਾ ਹੋਵੇ। ਨਾਲ ਹੀ ਇਸੇ ਦਾਖਲਾ ਸੈਸ਼ਨ ਦੇ ਅੰਦਰ ਅੰਦਰ ਹੀ ਇੰਨ੍ਹਾਂ S.C.V.T. ਟਰੇਡਾਂ ਦੀ ਡੀ.ਜੀ.ਟੀ. ਭਾਰਤ ਸਰਕਾਰ ਨਵੀਂ ਦਿੱਲੀ ਤੋਂ N.C.V.T. ਦੀ ਐਫੀਲੇਸ਼ਨ ਲਈ ਕਾਰਵਾਈ ਕੀਤੀ ਜਾਣੀ ਯਕੀਨੀ ਬਣਾਈ ਜਾਵੇ। |
| 10. | ਐਸ.ਸੀ.ਵੀ.ਟੀ. ਟਰੇਡਾਂ ਦੀ ਮਾਨਤਾ ਬਾਰੇ ਸਿਖਿਆਰਥੀਆਂ ਨੂੰ ਗਾਈਡ/ ਸੂਚਿਤ ਕਰਨ ਲਈ ਸੰਸਥਾ ਦੇ ਨੋਟਿਸ ਬੋਰਡ ਤੇ ਲਗਾਇਆ ਜਾਵੇ। |
| 11. | ਸੰਸਥਾਵਾਂ ਵਲੋਂ ਇੰਨਾਂ ਟਰਡਾਂ ਦਾ 75% ਤੋਂ ਵੱਧ (ਟਰੇਡ ਵਾਇਜ਼) ਦਾਖਲਾ ਯਕੀਨੀ ਹੋਣ ਤੇ ਹੀ ਦਾਖਲਾ ਕੀਤਾ ਜਾਵੇ। |
| 12. | ਇਸ ਦਾਖਲੇ ਲਈ ਆਪਣੇ ਸਬੰਧਤ ਜਿਲ੍ਹਾ ਭਲਾਈ ਅਫਸਰ ਸਾਹਿਬਾਨਾਂ ਨੂੰ ਦਾਖਲਾ ਕੌਂਸਲਿੰਗ ਵਿੱਚ ਸ਼ਾਮਿਲ ਹੋਣ ਲਈ ਸਿੱਧੇ ਤੌਰ ਤੇ ਆਪਣੇ ਪੱਧਰ ਤੇ ਸੰਪਰਕ ਕੀਤਾ ਜਾਵੇ। |
| 13. | ਇਸ ਕੌਂਸਲਿੰਗ ਦੇ ਸ਼ਡਿਊਲ ਦੌਰਾਨ ਆਪਣੀ ਸੰਸਥਾ ਦੇ ਕਰਮਚਾਰੀਆਂ ਦੀ ਕੋਈ ਛੁੱਟੀ ਪ੍ਰਵਾਨ ਨਾ ਕੀਤੀ ਜਾਵੇ, ਇਸ ਦੀ ਵਿਭਾਗ ਤੋਂ ਪ੍ਰਵਾਨਗੀ ਲਈ ਜਾਵੇ। |
| 14. | ਨਿਰਧਾਰਤ ਮਿਤੀਆਂ ਨੂੰ ਨਿਊ ਵੋਕੇਸ਼ਨਲ ਟ੍ਰੇਨਿੰਗ ਸਕੀਮ ਦੇ ਦਾਖਲੇ ਲਈ ਪਿਛਲੇ ਸਾਲਾਂ ਵਿਚ ਪਹਿਲਾਂ ਤੋਂ ਅਪਣਾਏ ਗਏ ਪ੍ਰੋਸੈਸ ਅਨੁਸਾਰ ਮੈਨੂਅਲ ਵਿਧੀ ਰਾਂਹੀਂ, ਦਾਖਲਾ ਚੋਣ ਕਮੇਟੀ ਵਲੋਂ ਮੈਰਿਟ ਤੇ ਆਧਾਰ ਤੇ ਇੰਟਰਵਿਊ ਕਰਦੇ ਹੋਏ ਦਾਖਲਾ ਕਰਕੇ, ਸੂਚੀਆਂ ਤਿਆਰ ਕੀਤੀਆਂ ਜਾਣ ਅਤੇ ਦਾਖਲਾ ਚੋਣ ਕਮੇਟੀ ਵਲੋਂ ਹਸਤਾਖਰ ਕੀਤੀਆਂ ਜਾਣ। |
| 15. | ਸਾਰੀਆਂ ਸੰਸਥਾਵਾਂ ਦੇ ਮੁੱਖੀ ਦਾਖਲਾ ਮੁਕੰਮਲ ਹੋਣ ਉਪਰੰਤ ਇਕ ਹਫਤੇ ਦੇ ਅੰਦਰ-ਅੰਦਰ, ਦਾਖਲਾ ਮੈਰਿਟ/ ਚੋਣ ਸੂਚੀਆਂ ਸਮੂਹ ਕਮੇਟੀ ਮੈਂਬਰਾਂ ਦੇ ਹਸਤਾਖਰ ਕਰਵਾ ਕੇ, ਵਿਭਾਗ ਪਾਸ ਦਸਤੀ ਤੌਰ ਤੇ ਪੁੱਜਦੀ ਕਰਨ ਤਾਂ ਜੋ ਪ੍ਰੀਖਿਆਵਾਂ ਲਈ ਡਾਟਾ ਕੰਟਰੋਲਰ ਪ੍ਰੀਖਿਆਵਾਂ ਪੰਜਾਬ ਰਾਜ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ, ਚੰਡੀਗੜ੍ਹ ਨੂੰ ਭੇਜਿਆ ਜਾ ਸਕੇ। ਮੈਰਿਟ ਅਤੇ ਸਿਲੈਕਟਡ ਉਮੀਦਵਾਰਾਂ ਦੀਆਂ ਸਾਫਟ ਡਾਟੇ ਦੀਆਂ ਸੂਚੀਆਂ ਐਕਸਲ ਫਾਰਮਟ ਵਿਚ ਈ ਮੇਲ admissioniti2021@gmail.com ਤੇ ਲਾਜ਼ਮੀ ਭੇਜੀਆਂ ਜਾਣ। ਲਿਸਟਾਂ ਲੇਟ ਭੇਜਣ ਵਾਲੀਆਂ ਸੰਸਥਾਵਾਂ ਦੀ ਪ੍ਰੀਖਿਆਵਾਂ/ ਰਜਿਸਟ੍ਰੇਸ਼ਨ ਲਈ ਕਾਰਵਾਈ ਨਹੀਂ ਕੀਤੀ ਜਾਵੇਗੀ । ਜਿਸ ਦੀ |

| | |
|---|---|
| | ਸੰਸਥਾ ਮੁੱਖੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ। |
| 16. | ਨੱਥੀ ਟਰੇਡਾਂ ਦੀ ਸੂਚੀ ਵਿਚ ਜੇਕਰ ਸੋਧ ਦੀ ਜਰੂਰਤ ਹੈ ਤਾਂ ਤੁਰੰਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ। ਸੰਸਥਾ ਪਾਸ ਐਨ.ਸੀ.ਵੀ.ਟੀ. ਜਾਂ ਐਸ.ਸੀ.ਵੀ.ਟੀ. ਦੀ ਐਫੀਲੇਸ਼ਨ ਹੈ, ਉਸ ਅਨੁਸਾਰ ਹੀ ਉਮੀਦਵਾਰ ਨੂੰ ਜਾਣਕਾਰੀ ਦਿੰਦੇ ਹੋਏ ਅਤੇ ਲਿਖਤੀ ਸਹਿਮਤੀ ਲੈਂਦੇ ਹੋਏ ਦਾਖਲਾ ਕੀਤਾ ਜਾਵੇ। ਇਸ ਸੂਚੀ ਵਿਚ ਜੋ ਟਰੇਡਾਂ ਐਨ.ਸੀ.ਵੀ.ਟੀ. ਤਹਿਤ ਦਰਸਾਈਆਂ ਹਨ, ਜੇਕਰ ਕਿਸੇ ਸੰਸਥਾ ਪਾਸ ਐਫੀਲੇਸ਼ਨ ਅਨੁਸਾਰ ਵਾਧੂ ਯੂਨਿਟ ਨਹੀਂ ਹੈ ਤਾਂ ਵਿਭਾਗ ਦੇ ਧਿਆਨ ਵਿਚ ਲਿਆਂਦੇ ਹੋਏ ਐਸ.ਸੀ.ਵੀ.ਟੀ. ਤਹਿਤ ਦਾਖਲਾ ਆਪਣੇ ਪੱਧਰ ਤੇ ਦਾਖਲਾ ਕਰ ਲਿਆ ਜਾਵੇ ਪ੍ਰੰਤੂ ਟਰੇਡ ਤਬਦੀਲ ਨਾ ਕੀਤੀ ਜਾਵੇ। ਐਨ.ਸੀ.ਵੀ.ਟੀ. ਟਰੇਡਾਂ ਦੇ ਦਾਖਲ ਸਿਖਿਆਰਥੀਆਂ ਦਾ ਡਾਟਾ ਐਨ.ਸੀ.ਵੀ.ਟੀ.-ਐਮ.ਆਈ.ਐਸ. ਪੋਰਟਲ ਤੇ ਅਪਲੋਡ ਕਰਨ ਵਿਚ ਦਿੱਕਤ ਆਈ ਤਾਂ ਸਬੰਧਤ ਸੰਸਥਾ ਦੇ ਮੁੱਖੀ ਦੀ ਜਿੰਮੇਵਾਰੀ ਹੋਵੇਗੀ। |
| 17. | ਇੰਨਾਂ ਟਰੇਡਾਂ ਦੀ ਯੂਨਿਟ ਸਮਰੱਥਾ ਅਤੇ ਟਰੇਡਾਂ ਦੀ ਦਾਖਲਾ ਯੋਗਤਾ, ਡੀ.ਜੀ.ਟੀ. ਭਾਰਤ ਸਰਕਾਰ ਦੇ ਨਿਰਧਾਰਤ ਨਾਰਮਜ਼ ਅਨੁਸਾਰ ਹੋਵੇਗੀ। ਇਸ ਸੂਚੀ ਵਿਚ ਦਰਸਾਏ ਹਰ ਟਰੇਡ ਦਾ ਇਕ-ਇਕ ਯੂਨਿਟ ਵਿਚ ਦਾਖਲਾ ਹੋਵੇਗਾ। |

Ramesh Kumar
Assistant Director
08/09/2022